# Release of Commemorative Postage Stamp for 70th Anniversary of Diplomatic Relations between India and Germany

June 10, 2021……………………………………………………………………………..

## ਭਾਰਤ ਅਤੇ ਜਰਮਨੀ ਵਿਚਾਲੇ ਕੂਟਨੀਤਕ ਸੰਬੰਧਾਂ ਦੀ 70ਵੀਂ ਵਰ੍ਹੇਗੰਢ ‘ਤੇ ਜਾਰੀ ਕੀਤਾ ਗਿਆ ਯਾਦਗਾਰੀ ਡਾਕ ਟਿਕਟ

10 ਜੂਨ, 2021

7 ਮਾਰਚ, 2021 ਨੂੰ ਭਾਰਤ ਅਤੇ ਜਰਮਨੀ ਨੇ ਕੂਟਨੀਤਕ ਸਬੰਧ ਸਥਾਪਤ ਹੋਣ ਦੀ 70ਵੀਂ ਵਰ੍ਹੇਗੰਢ ਮਨਾਈ। ਦੋਵੇਂ ਦੇਸ਼ 2021-22 ਦੌਰਾਨ ਭਾਰਤ ਅਤੇ ਜਰਮਨੀ ਵਿੱਚ ਹੋਣ ਵਾਲੇ ਬਹੁਤ ਸਾਰੇ ਸਮਾਗਮਾਂ ਰਾਹੀਂ ਇਸ ਵਰ੍ਹੇਗੰਢ ਦੇ ਜਸ਼ਨ ਮਨਾ ਰਹੇ ਹਨ।

ਇਨ੍ਹਾਂ ਜਸ਼ਨਾਂ ਦੇ ਹਿੱਸੇ ਵਜੋਂ ਭਾਰਤ ਸਰਕਾਰ ਦਾ ਡਾਕ ਵਿਭਾਗ (DOP) ਅਤੇ ਜਰਮਨ ਫੈਡਰਲ ਵਿੱਤ ਮੰਤਰਾਲੇ ਦਾ ਡਾਕ ਟਿਕਟ ਵਿਭਾਗ ਯਾਦਗਾਰੀ ਡਾਕ ਟਿਕਟ ਜਾਰੀ ਕਰਨਗੇ। ਭਾਰਤੀ ਡਾਕ ਟਿਕਟ ਸ਼੍ਰੀਮਤੀ ਗੁਲਿਸਤਾਨ ਨੇ ਡਿਜ਼ਾਇਨ ਕੀਤਾ ਹੈ ਅਤੇ ਜਰਮਨ ਟਿਕਟ ਮੈਥੀਅਸ ਵਿਟਿਗ ਨੇ ਡਿਜ਼ਾਇਨ ਕੀਤੀ ਹੈ।

ਭਾਰਤੀ ਡਾਕ ਟਿਕਟ ਵਿਦੇਸ਼ ਸਕੱਤਰ ਸ਼੍ਰੀ ਹਰਸ਼ਵਰਧਨ ਸ਼੍ਰੀਂਗਲਾ, ਡਾਕ ਸਕੱਤਰ ਸ਼੍ਰੀ ਵਿਨੀਤ ਪਾਂਡੇ ਅਤੇ ਭਾਰਤ ਵਿਖੇ ਜਰਮਨ ਰਾਜਦੂਤ ਸ਼੍ਰੀ ਵਾਲਟਰ ਲਿੰਡਨਰ ਨੇ 10 ਜੂਨ, 2021 ਨੂੰ ਜਾਰੀ ਕੀਤਾ।

ਆਪਣੀ ਟਿੱਪਣੀ ਵਿੱਚ (ਭਾਰਤ-ਜਰਮਨੀ ਸਬੰਧਾਂ ਦੀ 70ਵੀਂ ਵਰ੍ਹੇਗੰਢ ਤੇ ਡਾਕ ਟਿਕਟ ਜਾਰੀ ਕਰਨ ਵੇਲੇ ਵਿਦੇਸ਼ ਸਕੱਤਰ ਦੀ ਟਿੱਪਣੀ) ਵਿਦੇਸ਼ ਸਕੱਤਰ ਨੇ ਨੇੜਲੇ ਰਾਜਨੀਤਿਕ ਅਤੇ ਆਰਥਿਕ ਸਬੰਧਾਂ ਦੀ ਬੁਨਿਆਦ ਅਤੇ ਮਜ਼ਬੂਤ ਲੋਕ - ਪੱਧਰੀ ਭਾਰਤ-ਜਰਮਨੀ ਸਬੰਧਾਂ 'ਤੇ ਚਾਨਣਾ ਪਾਇਆ ਅਤੇ ਸਿਹਤ, ਸੋਧ ਅਤੇ ਵਿਕਾਸ ਅਤੇ ਉੱਚ ਸਿੱਖਿਆ ਵਿੱਚ ਲੰਮੇ ਸਮੇਂ ਤੋਂ ਚੱਲ ਰਹੇ ਸਹਿਯੋਗ ਦੀ ਗੱਲ ਕੀਤੀ, ਜਿਸਦੀ COVID - 19 ਮਹਾਂਮਾਰੀ ਦੌਰਾਨ ਵਿਸ਼ੇਸ਼ ਮਹੱਤਤਾ ਰਹੀ ਹੈ।

ਵਿਦੇਸ਼ ਸਕੱਤਰ ਨੇ ਬਹੁਪੱਖੀ ਅਤੇ ਨਿਯਮ-ਅਧਾਰਤ ਵਿਵਸਥਾ ਨੂੰ ਯਕੀਨੀ ਬਣਾਉਣ ਲਈ ਮਹਾਂਮਾਰੀ ਤੋਂ ਬਾਅਦ ਦੇ ਸੰਸਾਰ ਵਿੱਚ ਜਰਮਨੀ ਨਾਲ ਨੇੜਲੇ ਸਹਿਯੋਗ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ ਅਤੇ ਕੂਟਨੀਤਿਕ ਸਬੰਧਾਂ ਦੇ 70 ਸਾਲ ਪੂਰੇ ਹੋਣ ਦੇ ਇਸ ਮਹੱਤਵਪੂਰਨ ਮੀਲ ਪੱਥਰ ਦੀ ਪ੍ਰਾਪਤੀ 'ਤੇ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਆਪਣੀ ਵਧਾਈ ਦਿੱਤੀ।

**ਭਾਰਤੀ ਡਾਕ ਟਿਕਟ**


भारत INDIA
25 00
भारत और जर्मनी के बीच राजनयिक संबंधों के 70 वर्ष
2021
70 YEARS OF DIPLOMATIC RELATIONS BETWEEN INDIA AND GERMANY

ਜਰਮਨ ਡਾਕ ਟਿਕਟ

K




**ਨਵੀਂ ਦਿੱਲੀ**

**10 ਜੂਨ, 2021**

**DISCLAIMER: This is an approximate translation. The original is available in English on MEA's website and may be referred to as the official press release.**